# ਲਿਬਰਲ ਡੈਮੋਕ੍ਰੇਸੀ ਅਤੇ ਹਿੰਦੁਸਤਾਨ

ਲਿਬਰਲ ਡੈਮੋਕ੍ਰੇਸੀ ਦਾ ਨਿਜ਼ਾਮ ਯੂਰਪ ਵਿਚ ਰਜਵਾੜਾਸ਼ਾਹੀ ਨੂੰ ਖ਼ਤਮ ਕਰਕੇ ਹੋਂਦ ਵਿਚ ਆਇਆ। ਇਸ ਸਿਆਸੀ ਪ੍ਰਣਾਲੀ ਨੂੰ ਕਾਇਮ ਕਰਨ ਵਾਲੀ ਬੁਰਜਵਾ ਜਮਾਤ ਸੀ ਅਤੇ ਇਸ ਨਿਜ਼ਾਮ ਵਿਚ ਤਾਕਤ ਜਾਇਦਾਦਾਂ ਦੇ ਮਾਲਕ ਅਤੇ ਦੌਲਤਮੰਦ ਗੋਰੇ ਮਰਦਾਂ ਦੇ ਹੱਥ ਵਿਚ ਸੀ। ਗੋਰੀ ਔਰਤ ਅਤੇ ਬਿਨਾਂ ਜਾਇਦਾਦ ਵਾਲੇ ਮਰਦਾਂ ਨੂੰ ਇਸ ਸਿਸਟਮ ਵਿਚ ਕੋਈ ਹੱਕ ਨਹੀਂ ਸਨ।

ਇਸ ਨਿਜ਼ਾਮ ਦੇ ਆਉਣ ਤੋਂ ਪਹਿਲਾਂ ਯੂਰਪ ਵਿਚ ਰਾਜੇ ਅਤੇ ਪੋਪ ਆਪਣੀ ਮਨਮਰਜ਼ੀ ਕਰਦੇ ਸੀ। ਬੁਰਜੁਆਜ਼ੀ ਨੇ ਉਨ੍ਹਾਂ ਦੀ ਤਾਕਤ ਨੂੰ ਖਤਮ ਕਰਕੇ ਇਕ ਨਵਾਂ ਨਿਜ਼ਾਮ ਕਾਇਮ ਕੀਤਾ। ਪਰ ਇਸ ਨਵੇਂ ਨਿਜ਼ਾਮ ਅਤੇ ਰਾਜ ਪ੍ਰਣਾਲੀ ਵਿਚ ਜਾਇਦਾਦ ਅਤੇ ਦੌਲਤ ਵਾਲੇ ਗੋਰੇ ਮਰਦ ਭਾਰੂ ਸਨ। ਲਿਬਰਲ ਜਮਹੂਰੀਅਤ ਦਾ ਨਿਜ਼ਾਮ ਉਨ੍ਹਾਂ ਦਾ ਇਕ ਹਥਿਆਰ ਸੀ ਜਿਸ ਨਾਲ ਉਹ ਸਮਾਜ ਦੇ ਹੋਰਨਾਂ ਤਬਕਿਆਂ ਅਤੇ ਹਿੱਸਿਆਂ ਉੱਤੇ ਆਪਣੀ ਮਰਜ਼ੀ ਠੋਸਦੇ ਸੀ ਅਤੇ ਮੁਲਕ ਦੇ ਸਾਰੇ ਵਸੀਲਿਆਂ ਨੂੰ ਆਪਣੀ ਮਰਜ਼ੀ ਮੁਤਾਬਿਕ ਆਪਣੇ ਮੁਨਾਫ਼ਿਆਂ ਲਈ ਵਰਤ ਸਕਦੇ ਸੀ। ਇਸ ਸਿਸਟਮ ਵਿਚ ਵੋਟ ਪਾਉਣ ਅਤੇ ਚੁਣੇ ਜਾਣ ਦਾ ਹੱਕ ਸਿਰਫ਼ ਜਾਇਦਾਦ ਦੇ ਮਾਲਕ ਦੌਲਤਮੰਦ ਮਰਦਾਂ ਨੂੰ ਹੀ ਸੀ। ਜਿਨ੍ਹਾਂ ਕੋਲ ਜਾਇਦਾਦ ਅਤੇ ਦੌਲਤ ਨਹੀਂ ਸੀ ਉਨ੍ਹਾਂ ਗੋਰੇ ਮਰਦਾਂ ਨੂੰ ਅਤੇ ਔਰਤਾਂ ਨੂੰ ਨਾ ਤਾਂ ਵੋਟ ਪਾਉਣ ਦਾ ਹੱਕ ਸੀ ਅਤੇ ਨਾ ਹੀ ਉਹ ਚੋਣਾਂ ਵਿਚ ਉਮੀਦਵਾਰ ਦੇ ਤੌਰ ਤੇ ਖੜੇ ਹੋ ਸਕਦੇ ਸੀ। ਔਰਤਾਂ, ਮਜ਼ਦੂਰਾਂ, ਕਿਸਾਨਾਂ ਅਤੇ ਹੋਰਨਾਂ ਲੋਕਾਂ ਨੇ ਇਸ ਦੇ ਖ਼ਿਲਾਫ਼ ਜੱਦੋ-ਜਹਿਦ ਕੀਤੀ ਅਤੇ ਕੁਝ ਹੱਕ ਜਿੱਤੇ। ਸਵਿਟਜ਼ਰਲੈਂਡ ਵਿਚ ਤਾਂ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਵੀ ਕਿਤੇ 1983 ਵਿਚ ਜਾ ਕੇ ਮਿਲਿਆ।

ਅਮਰੀਕਾ ਵਿਚ ਵੀ ਜਾਇਦਾਦ ਹੀਣ ਅਤੇ ਦੌਲਤ ਹੀਣ ਗੋਰੇ ਮਰਦਾਂ ਨੂੰ ਅਤੇ ਔਰਤਾਂ, ਕਾਲਿਆਂ ਤੇ ਮੁਢ-ਕਦੀਮੀ ਲੋਕਾਂ ਨੂੰ ਕੋਈ ਹੱਕ ਹਾਸਲ ਨਹੀਂ ਸੀ। ਇਹ ਹੱਕ ਔਰਤਾਂ, ਕਾਲਿਆਂ, ਅਤੇ ਬਿਨਾਂ ਜਾਇਦਾਦ ਵਾਲੇ ਗੋਰੇ ਮਰਦਾਂ ਨੇ ਇਕ ਬਹੁਤ ਹੀ ਲੰਬੀ ਅਤੇ ਖ਼ੂਨੀ ਜੱਦੋ-ਜਹਿਦ ਬਾਅਦ ਜਿੱਤਿਆ। ਅਮਰੀਕਾ ਦੇ ਜੱਦੀ ਲੋਕਾਂ ਨੂੰ ਤਾਂ ਸ਼ਹਿਰੀ ਵੀ 1930 ਦੇ ਦਹਾਕੇ ਵਿਚ ਬਣਾਇਆ ਗਿਆ ਅਤੇ ਅਜੇ ਵੀ ਅਮਰੀਕਾ ਵਿਚ ਉਨ੍ਹਾਂ ਦੀ ਕੋਈ ਪੁੱਛ ਨਹੀਂ।

ਹਿੰਦੁਸਤਾਨ ਵਿਚ 1857 ਦੇ ਗਦਰ ਦਾ ਨਿਸ਼ਾਨਾ ਅੰਗਰੇਜ਼ਾਂ ਦਾ ਡੇਰਾ ਡੰਡਾ ਚੁੱਕਣਾ ਅਤੇ ਹਿੰਦੁਸਤਾਨ ਚੋਂ` ਉਨ੍ਹਾਂ ਦਾ ਰਾਜ ਖ਼ਤਮ ਕਰਨਾ ਸੀ। ਅੰਗਰੇਜ਼ਾਂ ਨੇ ਆਪਣੇ ਹਿੰਦੁਸਤਾਨੀ ਪਿੱਠੂਆਂ ਦੀ ਮਦਦ ਨਾਲ ਜਦ ਇਸ ਗਦਰ ਨੂੰ ਕੁਚਲ ਦਿਤਾ ਤਾਂ ਇਨ੍ਹਾਂ ਨੇ ਹਿੰਦੁਸਤਾਨ ਚ` ਲਿਬਰਲ ਡੈਮੋਕ੍ਰੇਸੀ ਦੇ ਢੰਗ ਦਾ ਰਾਜ ਕਾਇਮ ਕਰਨ ਦਾ ਰਾਹ ਫੜਿਆ ਸੀ। ਇਸ ਲਈ 1857 ਦੇ ਗਦਰ ਦੇ ਬਾਅਦ ਬਸਤੀਵਾਦੀਆਂ ਨੇ ਹਿੰਦੁਸਤਾਨ ਦੇ ਰਾਜਿਆਂ ਮਹਾਰਾਜਿਆਂ ਅਤੇ ਜਾਇਦਾਦਾਂ ਅਤੇ ਦੌਲਤਾਂ ਵਾਲੇ ਜਗੀਰਦਾਰ ਤਬਕੇ ਨੂੰ ਤਾਕਤ ਦੇਣੀ ਸ਼ੁਰੂ ਕਰ ਦਿਤੀ, ਜੋ ਅੰਗਰੇਜ਼ਾਂ ਦੇ ਪਿੱਠੂ ਸੀ, ਤਾਂ ਕਿ ਇਹ ਤਬਕਾ ਅੰਗਰੇਜ਼ ਬਸਤੀਵਾਦੀਆਂ ਦੀ ਧਿਰ ਬਣਿਆ ਰਹੇ ਤੇ ਉਨ੍ਹਾਂ ਦਾ ਰਾਜ ਅਤੇ ਲੁੱਟ ਦਾ ਸਿਸਟਮ ਕਾਇਮ ਰਹੇ। ਇਥੇ ਵੀ ਉਨ੍ਹਾਂ ਨੇ ਵੋਟ ਪਾਉਣ ਅਤੇ ਚੁਣੇ ਜਾਣ ਦਾ ਹੱਕ ਜਾਇਦਾਦ ਅਤੇ ਦੌਲਤ ਵਾਲੇ ਉੱਚੀਆਂ ਜ਼ਾਤਾਂ ਦੇ ਮਰਦਾਂ ਨੂੰ ਦਿਤਾ। ਕਾਂਗਰਸ, ਮੁਸਲਮ ਲੀਗ ਅਤੇ ਹੋਰ ਸਿਆਸੀ ਪਾਰਟੀਆਂ, ਜਿਹੜੀਆਂ ਲਿਬਰਲ ਡੈਮੋਕ੍ਰੇਸੀ ਦੀਆਂ ਕਾਇਲ ਸਨ, ਨੇ ਵੀ ਜਾਇਦਾਦ ਵਾਲੇ ਅਤੇ ਦੌਲਤ ਵਾਲੇ ਉੱਚੀਆਂ ਜ਼ਾਤਾਂ ਦੇ ਮਰਦਾਂ ਦੇ ਹੱਥ ਸਿਆਸੀ ਤਾਕਤ ਬਰਕਰਾਰ ਰੱਖਣ ਵਾਲੀ ਲਿਬਰਲ ਡੈਮੋਕ੍ਰੇਸੀ ਨੂੰ ਤਰਜੀਹ ਦਿਤੀ ਕਿਉਂਕਿ ਇਹ ਨਿਜ਼ਾਮ ਅਤੇ ਬੰਦੋਬਸਤ ਉਨ੍ਹਾਂ ਦੇ ਹਿਤਾਂ ਨੂੰ ਵੀ ਬੜਾ ਮਾਫ਼ਕ ਬਹਿੰਦਾ ਸੀ।

ਇਸ ਕਰਕੇ 1947 ਦੀ ਰਸਮੀ ਆਜ਼ਾਦੀ ਅਤੇ ਮੁਲਕ ਦੀ ਵੰਡ ਦੇ ਬਾਅਦ 1950 ਦੇ ਸੰਵਿਧਾਨ ਵਿਚ ਵੀ ਲਿਬਰਲ ਡੈਮੋਕ੍ਰੇਸੀ ਦੇ ਰਾਹ ਹੋਰ ਨੂੰ ਪੱਕਾ ਕੀਤਾ ਗਿਆ ਕਿਉਂਕਿ ਜਾਇਦਾਦ ਅਤੇ ਦੌਲਤ ਵਾਲੇ ਉੱਚੀ ਜ਼ਾਤ ਦੇ ਮਰਦਾਂ ਦੇ ਇਹ ਫਿਟ ਬਹਿਣੀ ਸੀ। ਇਥੇ ਵੀ ਇਹ ਪ੍ਰਣਾਲੀ ਯੂਰਪ ਅਤੇ ਅਮਰੀਕਾ ਵਾਂਗ ਲੋਟੂ ਢਾਣੀ ਦੇ ਹਿਤਾਂ ਨਾਲ ਮੇਲ ਖਾਂਦੀ ਸੀ। ਕਾਂਗਰਸ ਅਤੇ ਹੋਰਨਾਂ ਪਾਰਟੀਆਂ ਦੇ ਲੀਡਰ ਉੱਚੀ ਜ਼ਾਤ ਵਾਲੇ ਦੌਲਤਮੰਦ ਮਰਦ ਸਨ। ਅਤੇ ਸੰਵਿਧਾਨ ਬਣਾਉਣ ਵਾਲੀ ਅਸੰਬਲੀ ਦੇ ਮੈਂਬਰ ਵੀ ਉੱਚੀ ਜ਼ਾਤ ਵਾਲੇ ਦੌਲਤਮੰਦ ਮਰਦ ਹੀ ਸੀ। ਵਿਧਾਨ ਘੜਨ ਵਾਲੀ ਅਸੈਂਬਲੀ ਦੇ ਤਿੰਨ ਸੌ ਮੈਂਬਰ ਸਨ ਜਿਨ੍ਹਾਂ ਵਿਚੋਂ ਦੋ ਤਿਹਾਈ ਉੱਚੀਆਂ ਜ਼ਾਤਾਂ ਨਾਲ ਸਬੰਧ ਰੱਖਣ ਵਾਲੇ ਅਮੀਰ ਮਰਦ ਸਨ ਅਤੇ ਸਿਰਫ਼ ਨੌਂ ਔਰਤਾਂ ਹੀ ਇਸ ਅਸੈਂਬਲੀ ਵਿਚ ਸ਼ਾਮਲ ਕੀਤੀਆਂ ਗਈਆਂ।

ਪਰ ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਦੀ ਜੰਗ ਵਿਚ ਔਰਤਾਂ, ਮਜ਼ਦੂਰਾਂ, ਕਿਸਾਨਾਂ, ਛੋਟੀਆਂ ਜ਼ਾਤਾਂ ਦੇ ਲੋਕਾਂ , ਅਤੇ ਕਬਾਇਲੀ ਲੋਕਾਂ ਨੇ ਬਹੁਤ ਹੀ ਕੁਰਬਾਨੀਆਂ ਦਿੱਤੀਆਂ ਸੀ ਇਸ ਲਈ ਜਾਇਦਾਦਾਂ ਅਤੇ ਦੌਲਤਾਂ ਵਾਲੇ ਉੱਚੀ ਜ਼ਾਤ ਵਾਲੇ ਮਰਦਾਂ ਨਾਲ ਭਰੀ ਪਈ ਇਸ ਅਸੈਂਬਲੀ ਨੂੰ ਮਜਬੂਰਨ ਇਨ੍ਹਾਂ ਸਭ ਲੋਕਾਂ ਨੂੰ ਵੀ ਕੁਝ ਹੱਕ ਦੇਣੇ ਪਏ ਕਿਉਂਕਿ ਉਹ ਜਾਣਦੇ ਸਨ ਕਿ ਜੇ ਉਹ ਇਹ ਇੰਜ ਨਾ ਕਰਦੇ ਤਾਂ 1947 ਦੇ ਬਾਅਦ ਉਨ੍ਹਾਂ ਦਾ ਰਾਜ ਕਾਇਮ ਨਹੀਂ ਰਹਿ ਸਕਦਾ ਸੀ। ਸੰਵਿਧਾਨ ਵਿਚ ਬੇਸ਼ੱਕ ਰਸਮੀ ਤੌਰ ਤੇ ਆਮ ਲੋਕਾਂ ਦੇ ਹੱਕਾਂ ਨੂੰ ਤਸਲੀਮ ਕੀਤਾ ਗਿਆ ਪਰ ਅਸਲੀ ਤਾਕਤ ਜਾਇਦਾਦਾਂ ਵਾਲੇ ਉੱਚੀ ਜ਼ਾਤ ਦੇ ਮਰਦਾਂ ਦੇ ਹੱਥਾਂ ਵਿਚ ਹੀ ਰਹੀ। ਇਸ ਕਰਕੇ ਆਮ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਦੇ ਮਿਲਣ ਦੇ ਬਾਵਜੂਦ ਵੀ ਸਿਆਸੀ ਤਾਕਤ ਅਜੇ ਵੀ ਉਨ੍ਹਾਂ ਦੇ ਹੱਥ ਵਿਚ ਹੀ ਰਹਿੰਦੀ ਹੈ।

ਲਿਬਰਲ ਡੈਮੋਕ੍ਰੇਸੀ ਦਾ ਇਹ ਖ਼ਾਸਾ ਹੈ ਕਿ ਇਸ ਨਿਜ਼ਾਮ ਵਿਚ ਆਮ ਲੋਕ ਵੋਟਾਂ ਤਾਂ ਪਾ ਸਕਦੇ ਹਨ ਪਰ ਤਾਕਤ ਦੌਲਤ ਵਾਲਿਆਂ ਦੇ ਹੱਥ ਵਿਚ ਹੀ ਰਹਿੰਦੀ ਹੈ। ਜਿੱਥੇ ਜਿੱਥੇ ਵੀ ਲਿਬਰਲ ਡੈਮੋਕ੍ਰੇਸੀ ਦਾ ਸਿਸਟਮ ਮੌਜੂਦ ਹੈ ਉਥੇ ਇਹ ਹੀ ਹਾਲ ਹੈ। ਹਿੰਦੁਸਤਾਨ ਵਿਚ ਇਸ ਦਾ ਇਕ ਖ਼ਾਸ ਪੱਖ ਇਹ ਵੀ ਹੈ ਕਿ ਤਾਕਤ ਉੱਚੀਆਂ ਜ਼ਾਤਾਂ ਵਾਲੇ ਅਮੀਰ ਮਰਦਾਂ ਦੇ ਹੱਥ ਵਿਚ ਰਹਿੰਦੀ ਹੈ। ਇਹ ਸ਼ਾਇਦ ਇਸ ਕਰਕੇ ਹੈ ਕਿ ਹਿੰਦੁਸਤਾਨ ਵਿਚ ਦੌਲਤਾਂ ਤੇ ਜਾਇਦਾਦਾਂ ਦੇ ਮਾਲਕ ਉਚ ਜ਼ਾਤਾਂ ਦੇ ਮਰਦ ਹਨ।

ਜ਼ਾਤ ਪਾਤ ਦਾ ਮਸਲਾ ਹੋਵੇ, ਗਰੀਬੀ ਅਤੇ ਭੁੱਖ ਦਾ ਮਸਲਾ ਹੋਵੇ ਜਾਂ ਸਿਹਤ ਦਾ ਮਸਲਾ ਹੋਵੇ ਇਨ੍ਹਾਂ ਵਿਚੋਂ ਕਿਸੇ ਵੀ ਮਸਲੇ ਦਾ ਹੱਲ ਕਰਨ ਵਿਚ ਲਿਬਰਲ ਡੈਮੋਕ੍ਰੇਸੀ ਦੀ ਦਿਲਚਸਪੀ ਨਹੀਂ ਹੈ। ਕਿਉਂਕਿ ਲਿਬਰਲ ਡੈਮੋਕ੍ਰੇਸੀ ਆਮ ਆਦਮੀ ਦੇ ਮਸਲਿਆਂ ਨੂੰ ਹੱਲ ਕਰਨ ਵਿਚ ਕੋਈ ਦਿਲਚਸਪੀ ਨਹੀਂ ਰਖਦੀ ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਆਮ ਲੋਕਾਂ ਦੇ ਮਸਲੇ ਪਿਛਲੇ 64 ਸਾਲਾਂ ਵਿਚ ਵੀ ਹੱਲ ਨਹੀਂ ਹੋਏ ਹਨ। ਸਾਰੇ ਆਰਥਕ, ਸਿਆਸੀ, ਸਮਾਜੀ ਅਤੇ ਹੋਰ ਮਸਲੇ ਜਿਉਂ ਦੇ ਤਿਉਂ ਹੀ ਖੜ੍ਹੇ ਹਨ ਅਤੇ ਲੋਕਾਂ ਦਾ ਹਾਲ ਬਦਤਰ ਹੁੰਦਾ ਜਾ ਰਿਹਾ ਹੈ। ਆਮ ਲੋਕ ਗਰੀਬ ਹੋ ਰਹੇ ਹਨ ਤੇ ਜੋ ਪਹਿਲਾਂ ਅਮੀਰ ਸਨ ਹੋਰ ਅਮੀਰ ਹੋ ਰਹੇ ਹਨ।

ਲਿਬਰਲ ਡੈਮੋਕ੍ਰੇਸੀ ਨੇ ਦੁਨੀਆ ਭਰ ਵਿਚ ਇਹ ਹੀ ਕੀਤਾ ਹੈ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਆਮ ਵਰਕਰ ਅਤੇ ਕੰਪਨੀ ਦੇ ਉਚਤਮ ਅਹੁਦੇਦਾਰ ਦੀ ਤਨਖ਼ਾਹ ਵਿਚ 340 ਗੁਣਾਂ ਫਰਕ ਹੈ। ਇਸ ਕਰਕੇ ਹੁਣ ਆਮ ਲੋਕ ਕਹਿ ਰਹੇ ਹਨ ਕਿ ਇਹ ਨਿਜ਼ਾਮ 99 ਫੀ ਸਦੀ ਲੋਕਾਂ ਨੂੰ ਲੁੱਟਣ ਵਾਲਾ ਨਿਜ਼ਾਮ ਹੈ।

ਸਾਫ਼ ਹੈ ਕਿ ਲਿਬਰਲ ਡੈਮੋਕ੍ਰੇਸੀ ਹੁਣ ਕਿਤੇ ਵੀ ਲੋਕਾਂ ਦੀਆਂ ਲੋੜਾਂ ਨਾਲ ਮੇਲ ਨਹੀਂ ਖਾਂਦੀ ਇਸ ਲਈ ਦੁਨੀਆ ਦੇ ਹਰ ਕੋਨੇ ਵਿਚ ਲੋਕ ਇਸ ਤੇ ਇਤਬਾਰ ਕਰਨਾ ਛੱਡ ਕੇ ਇਸ ਤੋਂ ਬਿਹਤਰ ਸਿੱਧੀ ਜਮਹੂਰੀਅਤ ਦੇ ਰਾਹ ਪੈਣ ਦੇ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ। ਅਮਰੀਕਾ ਵਿਚ "ਅੱਕੂਪਾਈ" ਲਹਿਰ ਨੇ ਇਹ ਮਸਲਾ ਨਿਤਾਰ ਕੇ ਸਾਮ੍ਹਣੇ ਲਿਆਂਦਾ ਹੈ। ਨਸਲਵਾਦ ਅਤੇ ਮਰਦਸ਼ਾਹੀ ਦੇ ਗਲਬੇ ਦੇ ਖ਼ਿਲਾਫ਼ ਸੰਘਰਸ਼ ਵੀ ਇਸ ਦਾ ਅਨਿਖੜਵਾਂ ਹਿੱਸਾ ਹੈ।

ਹਿੰਦੁਸਤਾਨ ਵਿਚ ਵੀ ਸਿੱਧੀ ਜਮਹੂਰੀਅਤ, ਲੋਕਸ਼ਾਹੀ ਜਾਂ ਪਰਜਾ-ਰਾਜ ਦੇ ਚਰਚੇ ਹੋ ਰਹੇ ਹਨ। ਜ਼ਾਤਪਾਤ ਅਤੇ ਮਰਦਸ਼ਾਹੀ ਦੀ ਜਕੜ ਦੇ ਖ਼ਿਲਾਫ਼ ਸੰਘਰਸ਼ ਇਸ ਪਰਜਾ ਰਾਜ ਅਤੇ ਸਿੱਧੀ ਜਮਹੂਰੀਅਤ ਦੇ ਅਨਿਖੜਵੇਂ ਹਿੱਸੇ ਹਨ। ਇਨ੍ਹਾਂ ਦੋਵਾਂ ਦੇ ਬਗੈਰ ਸਿੱਧੀ ਜਮਹੂਰੀਅਤ ਵੀ ਉੱਚੀਆਂ ਜ਼ਾਤਾਂ ਵਾਲੇ ਦੌਲਤਮੰਦ ਮਰਦਾਂ ਦਾ ਹਥਿਆਰ ਬਣ ਕੇ ਰਹਿ ਜਾਵੇਗੀ।